# ਡਿੱਗਣ ਤੋਂ ਰੋਕਣਾ ਜਾਂ ਡਿੱਗਣ ਪਿਛੋਂ ਬਚਾਉਣਾ?

## Fall restraint or fall arrest?

ਡਿੱਗਣ ਤੋਂ ਬਚਾਅ ਕਰਨ ਵਾਲੇ ਸਿਸਟਮ ਦੀ ਚੋਣ ਕਰਨ ਲਈ ਤੁਹਾਨੂੰ ਸਭ ਤੋਂ ਪਹਿਲਾਂ ਗਾਰਡ-ਰੇਲਾਂ ਜਾਂ ਜੰਗਲੇ (ਬੈਰੀਅਰਜ਼) ਲਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਜੇ ਇਹਨਾਂ ਨੂੰ ਇਕ ਵਾਰ ਉਚਿੱਤ ਢੰਗ ਨਾਲ ਜੜ ਲਿਆ ਜਾਵੇ ਤਾਂ ਇਹ ਬਹੁਤ ਬਚਾਓ ਕਰਦੇ ਹਨ।

ਪਰ ਕੰਮ ਵਾਲੇ ਸਥਾਨ ਤੇ ਗਾਰਡ-ਰੇਲਾਂ ਜਾਂ ਜੰਗਲੇ ਹਮੇਸ਼ਾਂ ਲਾਏ ਨਹੀਂ ਜਾ ਸਕਦੇ – ਅਜਿਹੀ ਹਾਲਤ ਵਿਚ ਤੁਹਾਨੂੰ ਡਿੱਗਣ ਤੋਂ ਬਚਾਓ ਦੇ ਨਿੱਜੀ ਸਾਜ਼ੋ-ਸਾਮਾਨ ਦੀ ਲੋੜ ਪੈ ਸਕਦੀ ਹੈ।

**ਡਿੱਗਣ ਤੋਂ ਰੋਕਣ ਵਾਲੇ** ਸਿਸਟਮ ਤੁਹਾਨੂੰ ਡਿੱਗਣ ਤੋਂ ਰੋਕਦੇ ਹਨ। ਮਿਸਾਲਾਂ ਵਿਚ ਸ਼ਾਮਲ ਹਨ:

- ਕੰਮ ਤੇ ਸਥਿਰ ਰੱਖਣ ਵਾਲੇ ਸਿਸਟਮ–ਜੋ ਸੇਫ਼ਟੀ ਬੈਲਟਾਂ ਵਰਤ ਕੇ ਜਾਂ ਪੂਰੇ ਸਰੀਰ ਉਤੇ ਬਚਾਓ ਵਾਲੇ ਪੈੜੇ ਪਾ ਕੇ ਤੁਹਾਨੂੰ ਕਿਸੇ ਐਂਕਰ ਨਾਲ ਬੰਨ੍ਹ ਦਿੰਦੇ ਹਨ ਤਾਂ ਜੋ ਤੁਹਾਡੇ ਦੋਨੋਂ ਹੱਥ ਕੰਮ ਕਰਨ ਲਈ ਵਿਹਲੇ ਹੋਣ
- ਤਿਲ੍ਹਕ ਕੇ ਡਿੱਗਣ ਨੂੰ ਰੋਕਣ ਵਾਲੇ ਸਿਸਟਮ–ਇਸ ਵਿਚ ਡਿੱਗਣ ਤੋਂ ਰੋਕਣ ਦਾ ਨਿੱਜੀ ਸਾਜ਼ੋ-ਸਾਮਾਨ ਹੁੰਦਾ ਹੈ ਜੋ ਤੁਹਾਨੂੰ ਤਿਲ੍ਹਕ ਕੇ ਕਿਨਾਰੇ ਤੱਕ ਜਾਣ ਤੋਂ ਬਚਾਉਂਦਾ ਹੈ ਜਿਥੋਂ ਕਿ ਤੁਸੀਂ ਡਿੱਗ ਸਕਦੇ ਹੋ

ਨੋਟ: ਡਿੱਗਣ ਤੋਂ ਰੋਕਣ ਵਾਲੇ ਸਿਸਟਮ ਵਿਚ, ਇਕ ਰੱਸੀ ਐਂਕਰ ਨਾਲ ਅਤੇ ਤੁਹਾਡੇ ਪੈੜੇ ਜਾਂ ਸੇਫ਼ਟੀ ਬੈਲਟ ਨਾਲ ਇਸ ਤਰ੍ਹਾਂ ਬੰਨ੍ਹੀ ਜਾਂਦੀ ਹੈ ਕਿ ਤੁਸੀਂ ਡਿੱਗ ਨਹੀਂ ਸਕਦੇ। ਐਂਕਰ ਲਈ ਲਾਜ਼ਮੀ ਹੈ ਕਿ ਉਹ 3.5 kN (800 ਪੌਂਡ) ਦੀ ਖਿਚ ਨੂੰ ਸਹਾਰ ਸਕੇ।



*ਇਹ ਇਕ ਡਿੱਗਣ ਤੋਂ ਰੋਕਣ ਵਾਲੇ ਸਿਸਟਮ ਦੀ ਮਿਸਾਲ ਹੈ। ਕਾਮਾ ਕਿਨਾਰੇ ਤੋਂ ਡਿੱਗ ਨਹੀਂ ਸਕਦਾ।*

**ਡਿੱਗਣ ਪਿੱਛੋਂ ਬਚਾਉਣ ਵਾਲੇ** ਸਿਸਟਮ ਤੁਹਾਨੂੰ ਡਿੱਗਣ ਤੋਂ ਬਾਅਦ ਹੇਠਾਂ ਜ਼ਮੀਨ ਤੇ ਜਾ ਕੇ ਵੱਜਣ ਤੋਂ ਬਚਾ ਲੈਂਦੇ ਹਨ।

ਮਿਸਾਲਾਂ ਵਿਚ ਸ਼ਾਮਲ ਹਨ:

- ਪੂਰੇ ਸਰੀਰ ਤੇ ਪਾਏ ਪੈੜੇ ਜੋ ਰੱਸੀਆਂ (ਲੈਨਯਰਡਜ਼) ਜਾਂ ਬਚਾਓ-ਰੱਸੀਆਂ (ਲਾਈਫ਼ਲਾਈਨਜ਼) ਨਾਲ ਸੁਰੱਖਿਅਤ ਐਂਕਰਾਂ ਨਾਲ ਬੱਝੇ ਹੋਏ ਹੁੰਦੇ ਹਨ। ਪੈੜਾ ਲਾਜ਼ਮੀ ਤੌਰ ਤੇ ਇਕ ਐਂਕਰ ਨਾਲ ਬੰਨ੍ਹਣਾ ਚਾਹੀਦਾ ਹੈ ਜੋ 22 kN (5000 ਪੌਂਡ) ਦੀ ਖਿਚ ਜਾਂ ਵੱਧ ਤੋਂ ਵੱਧ ਝਟਕੇ ਦੀ ਤਾਕਤ ਤੋਂ ਦੋ ਗੁਣਾ ਖਿਚ ਨੂੰ ਸਹਾਰ ਸਕੇ।
- ਸੁਰੱਖਿਆ ਨੈੱਟ



*ਇਹ ਇਕ ਡਿੱਗਣ ਪਿਛੋਂ ਬਚਾਉਣ ਵਾਲੇ ਸਿਸਟਮ ਦੀ ਮਿਸਾਲ ਹੈ*

ਪ੍ਰਾਜੈਕਟ: ______________________ ਪਤਾ: ______________________

ਮਾਲਕ: ______________________ ਸੁਪਰਵਾਈਜ਼ਰ: ______________________

ਤਾਰੀਖ: ______________ ਸਮਾਂ: ______________ ਸ਼ਿਫ਼ਟ: ______________

ਕਾਮਿਆਂ ਦੀ ਗਿਣਤੀ: ______________________ ਕਾਮਿਆਂ ਦੀ ਗਿਣਤੀ: ______________________

## ਕਾਮਿਆਂ ਵੱਲੋਂ ਸਾਹਮਣੇ ਲਿਆਂਦੇ ਗਏ ਸੁਰੱਖਿਆ ਦੇ ਹੋਰ ਮੁੱਦੇ ਅਤੇ ਸੁਝਾਅ:

______________________________________________

______________________________________________

______________________________________________

______________________________________________

______________________________________________

## ਹਾਜ਼ਰ ਹੋਣ ਵਾਲਿਆਂ ਦਾ ਰੀਕਾਰਡ:

| ਨਾਮ: (ਮਿਹਰਬਾਨੀ ਕਰਕੇ ਪ੍ਰਿੰਟ ਕਰੋ) | ਦਸਤਖ਼ਤ: | ਕੰਪਨੀ: |
|---|---|---|
| 1. | | |
| 2. | | |
| 3. | | |
| 4. | | |
| 5. | | |
| 6. | | |
| 7. | | |
| 8. | | |
| 9. | | |
| 10. | | |
| 11. | | |
| 12. | | |
| 13. | | |
| 14. | | |
| 15. | | |

ਮੈਨੇਜਰ ਵੱਲੋਂ ਟਿੱਪਣੀਆਂ: ______________________________________________

______________________________________________

ਮੈਨੇਜਰ: ______________________ ਸੁਪਰਵਾਈਜ਼ਰ: ______________________

*(ਦਸਤਖ਼ਤ)* *(ਦਸਤਖ਼ਤ)*

WORKING TO MAKE A DIFFERENCE
worksafebc.com



WorkSafeBC ਦੀ ਰੋਕਥਾਮ ਜਾਣਕਾਰੀ ਲਾਈਨ: 604 276-3100 ਜਾਂ ਟੋਲ-ਫ੍ਰੀ 1 888 621-SAFE (7233)